**1. ਮੂਲ ਰਕਮ ਕਿ ਹੈ ? ਉਦਾਹਰਣ ਲਈ ਜੇਕਰ ਨਿਵੇਸ਼ਕ ਨੇ ਮਹੀਨੇਵਾਰ ਰੁਪਏ 2500 ਨਿਵੇਸ਼ ਕੀਤਾ ਹੈ, ਤਾਂ ਇੱਕ ਸਾਲ ਲਈ ਪ੍ਰਿੰਸੀਪਲ ਰਕਮ ਕਿੰਨੀ ਹੋਵੇਗੀ, ਰੁਪਏ 2500 ਜਾਂ ਰੁਪਏ 30 ,000 (12 *2500 )?**

A: ਪ੍ਰਿੰਸੀਪਲ ਰਕਮ ਵਿੱਚ ਸਕੀਮ ਦੇ ਦੌਰਾਨ ਪੀ.ਏ.ਸੀ.ਐਲ ਨੂੰ ਕੀਤੀ ਗਈ ਸਾਰੀ ਰਕਮ ਜਾਂ ਕਿਸਤਾਂ ਦੇ ਰੂਪ ਵਿੱਚ ਜਾਂ ਇਕਮੁਸਤ ਰਾਸ਼ੀ ਵਿੱਚ ਸ਼ਾਮਿਲ ਹਨ। ਇਸ ਲਈ, ਇਸ ਮਾਮਲੇ ਵਿੱਚ ਪ੍ਰਿੰਸੀਪਲ ਰੁਪਏ 30 , 000 ਹੋਵੇਗਾ। ਹਾਲਾਂਕਿ, 02 ਜਨਵਰੀ 2018 ਦੇ ਪ੍ਰੈਸ ਰਿਲੀਜ਼ ਅਨੁਸਾਰ, ਨਿਵੇਸ਼ਕਾਂ ਤੋਂ ਦਾਅਵੇ ਲਈ ਸੱਦਾ ਦਿੱਤਾ ਗਿਆ ਹੈ ਜਿਸਦਾ ਮੁਲਧੰਨ ਰੁਪਏ 2500 ਜਾਂ ਇਸ ਤੋਂ ਘੱਟ ਹੈ।

**2. ਜੇ ਮੈ ਰੁਪਏ 330 ਮਹੀਨਾ ਨਿਵੇਸ਼ ਕੀਤਾ ਹੈ, ਕਿ ਮੈ ਰਿਫੰਡ ਲਈ ਯੋਗ ਹਾਂ?**

A: ਰੁਪਏ ਦੀ ਰਿਫੰਡ ਦੀ ਮੌਜੂਦਾ ਪ੍ਰਕਿਰਿਆ ਵਿੱਚ ਰੁਪਏ 2500 (ਪ੍ਰਿੰਸੀਪਲ) ਦੀ ਸਕੀਮ ਦੇ ਦੌਰਾਨ ਪੀ.ਏ.ਸੀ.ਐਲ ਲਈ ਕਿਤੇ ਗਏ ਸਾਰੇ ਭੁਗਤਾਨ ਇਕਮੁਸਤ ਰਕਮ ਜਾਂ ਕਿਸਤਾਂ ਵਿੱਚ ਸ਼ਾਮਲ ਹਨ। ਕਿਉਕਿ ਸਿਰਫ ਉਨ੍ਹਾਂ ਹੀ ਨਿਵੇਸ਼ਕਾਂ ਜਿਨ੍ਹਾਂ ਦੀ ਕੁੱਲ ਬਕਾਇਆ ਜਿੰਮੇਵਾਰੀ ਰੁਪਏ 2500 ਜਾਂ ਘੱਟ ਅਰਜੀ ਦੇਣ ਦੇ ਯੋਗ ਹਨ, ਤੁਸੀਂ ਯੋਗ ਨਹੀਂ ਹੋਵੋਗੇ ਕਿਉਕਿ ਤੁਹਾਡੇ ਕੁੱਲ ਬਕਾਇਆ ਰਾਸ਼ੀ ਰੁਪਏ 3960 ਹੈ ਜੋ ਕਿ ਰੁਪਏ 2500 ਤੋਂ ਵੱਧ ਹੈ।

**3. ਜੇ ਮੇਰੇ ਕੋਲ ਰੁਪਏ 10,000/- ਦੀ ਕੁੱਲ ਰਾਸ਼ੀ ਲਈ ਪੀ.ਏ.ਸੀ.ਐਲ ਸਰਟੀਫਿਕੇਟ ਹੈ, ਪਰ ਮੈ ਰੁਪਏ 1000/- ਦੀ ਸਿਰਫ ਦੋ ਕਿਸਤਾਂ ਦਾ ਭੁਗਤਾਨ ਕੀਤਾ ਹੈ , ਕਿ ਮੈ ਰਿਫੰਡ ਲਈ ਅਰਜੀ ਦੇ ਯੋਗ ਹੋਵਾਂਗਾ ?**

A: ਜਿਵੇ ਕਿ ਪਹਿਲਾ ਹੀ ਦੱਸਿਆ ਗਿਆ ਹੈ , ਹੁਣ ਤਕ ਦੀ ਰਕਮ ਵਾਪਸ ਕਰਨ ਦੀ ਪ੍ਰਕਿਰਿਆ ਵਿੱਚ ਰੁਪਏ 2500 (ਪ੍ਰਿੰਸੀਪਲ ) ਸਕੀਮ ਦੇ ਦੌਰਾਨ ਪੀ.ਏ.ਸੀ.ਐਲ ਲਈ ਕਿਤੇ ਗਏ ਸਾਰੇ ਭੁਗਤਾਨ ਇਕਮੁਸਤ ਰਕਮ ਜਾਂ ਕਿਸਤਾਂ ਵਿੱਚ ਸ਼ਾਮਲ ਹਨ। ਇਸ ਲਈ , ਜੇਕਰ ਤੁਸੀਂ ਰੁਪਏ 1000 ਦੀ ਕੇਵਲ ਦੋ ਕਿਸਤਾਂ ਦਾ ਭੁਗਤਾਨ ਕਰ ਚੁੱਕੇ ਹੋ , ਤਾਂ ਪੀ.ਏ.ਸੀ.ਐਲ ਦੇ ਨਾਲ ਤੁਹਾਡਾ ਕੁੱਲ ਬਕਾਇਆ ਰੁਪਏ 2000 ਹੈ, ਇਸ ਲਈ , ਤੁਸੀਂ ਰਿਫੰਡ ਲਈ ਅਰਜ਼ੀ ਦੇਣ ਦੇ ਯੋਗ ਹੋ।

**4. ਰਿਫੰਡ ਲਈ ਵਿਆਜ਼ ਦਰਾਂ ਕਿ ਹੈ ?**

A:ਹੁਣ ਤੱਕ ਇਕੱਠੀ ਕੀਤੀ ਗਈ ਰਕਮ ਤੇ ਮੌਜੂਦਾ ਰਿਫੰਡ ਪ੍ਰਕ੍ਰਿਆ ਵਿੱਚ ਕੋਈ ਵਿਆਜ ਨਹੀਂ ਲਾਇਆ ਗਿਆ ਹੈ।

**5. ਪੀ.ਏ.ਸੀ.ਐਲ ਸਰਟੀਫਿਕੇਟ ਤੇ ਮੇਰਾ ਨਾਮ , ਆਧਾਰ ਅਤੇ ਪੈਨ ਕਾਰਡ ਨੰਬਰ ਵੱਖਰੇ ਹਨ ?**

A: ਤੁਹਾਨੂੰ ਪੀ.ਏ.ਸੀ.ਐਲ ਸਰਟੀਫਿਕੇਟ ਤੇ ਜਿਵੇਂ ਲੋੜੀਂਦੇ ਸਹਾਇਕ ਦਸਤਾਵੇਜਾਂ ਜਿਵੇਂ ਕਿ , ਪੈਨ / ਆਧਾਰ ਕਾਰਡ , ਬੈਂਕ ਸਟੇਟਮੈਂਟ ਅਤੇ ਪੀ.ਏ.ਸੀ.ਐਲ ਸਰਟੀਫਿਕੇਟ / ਰਸੀਦ , ਨਾਮ ਪ੍ਰਦਾਨ ਕਰਨਾ ਹੈ।

**6. ਦਸਤਾਵੇਜਾਂ ਨੂੰ ਜਮ੍ਹਾ ਕਰਨ ਤੋਂ ਬਾਅਦ , ਮੈਨੂੰ ਰਕਮ ਵਾਪਸ ਕਦੋ ਮਿਲੇਗੀ ?**

A: ਬਿਨੇਕਾਰ ਦੇ ਨਿਵੇਸ਼ਕ ਦੇ ਦਾਵਿਆਂ ਅਤੇ ਕਮੇਟੀ ਦੇ ਕੋਲ ਉਪਲਬਧ ਫੰਡਾ ਦੀ ਰਾਸ਼ੀ ਦੀ ਪੜਤਾਲ ਕਰਨ ਤੋਂ ਬਾਅਦ ਅਦਾਇਗੀ ਦਾ ਫੈਸਲਾ ਲਿਆ ਜਾਵੇਗਾ।

**7. ਜੇਕਰ ਨਾਬਾਲਿਗ ਦੇ ਨਾਂ ਤੇ ਨਿਵੇਸ਼ ਕੀਤਾ ਗਿਆ ਹੈ ਕਿ ਸਰਪ੍ਰਸਤ ਆਪਣੇ ਬੈਂਕ ਵੇਰਵਿਆਂ ਨਾਲ ਵਾਪਸੀ ਲਈ ਅਰਜ਼ੀ ਦੇ ਸਕਦਾ ਹੈ ?**

A: ਰਿਫੰਡ ਦੀ ਮੌਜੂਦਾ ਪ੍ਰਕ੍ਰਿਆ ਵਿੱਚ , ਇੱਕ ਸਰਪ੍ਰਸਤ ਨਾਬਾਲਿਗ ਦੀ ਤਰਫੋਂ ਵਾਪਸੀ ਲਈ ਅਰਜ਼ੀ ਨਹੀਂ ਦੇ ਸਕਦਾ। ਹਾਲਾਂਕਿ, ਇਹ ਮਾਮਲਾ ਕਮੇਟੀ ਦੁਆਰਾ ਵਿਚਾਰਿਆ ਜਾਂ ਰਿਹਾ ਹੈ ਅਤੇ ਜਦੋ ਇਸ ਬਾਰੇ ਫੈਸਲਾ ਲਿਆ ਗਿਆ , ਤਾਂ ਉਸ ਨੂੰ ਸੂਚਿਤ ਕੀਤਾ ਜਾਵੇਗਾ।

**8. ਜੇ ਉਸ ਵਿਅਕਤੀ ਦਾ ਨਾਮ ਜਿਸਦਾ ਨਾਮ ਪੀ.ਏ.ਸੀ.ਐਲ ਸਰਟੀਫਿਕੇਟ ਤੇ ਹੈ, ਕਿ ਨਾਮਜ਼ਦ ਵਿਅਕਤੀ / ਕਾਨੂੰਨੀ ਵਾਰਸ ਉਨ੍ਹਾਂ ਲਈ ਆਪਣਾ ਵੇਰਵਾ ਦੇ ਸਕਦਾ ਹੈ , ਜਿਵੇਂ ਕਿ ਆਧਾਰ / ਪੈਨ ਨੰਬਰ , ਬੈਂਕ ਖਾਤਾ ਨੰਬਰ ਅਤੇ ਆਈ ਐਫ ਐਸ ਸੀ ਕੋਡ ?**

A: ਰਿਫੰਡ ਦੀ ਮੌਜੂਦਾ ਪ੍ਰਕ੍ਰਿਆ ਵਿੱਚ , ਇਸ ਪੜਾਵ ਤੇ ਮਿਤ੍ਰਕ ਵਿਅਕਤੀ ਦੀ ਤਰਫੋਂ ਕਾਨੂੰਨੀ ਵਾਰਸ / ਨਾਮਜ਼ਦ ਰਿਫੰਡ ਲਈ ਅਰਜ਼ੀ ਨਹੀਂ ਦੇ ਸਕਦੇ। ਹਾਲਾਂਕਿ , ਇਹ ਮਾਮਲਾ ਵੀ ਕਮੇਟੀ ਦੁਆਰਾ ਵਿਚਾਰਿਆ ਜਾਂ ਰਿਹਾ ਹੈ ਅਤੇ ਜਦੋ ਇਸ ਬਾਰੇ ਫੈਸਲਾ ਲਿਆ ਜਾਵੇਗਾ , ਤਾਂ ਉਸ ਨੂੰ ਸੂਚਿਤ ਕੀਤਾ ਜਾਵੇਗਾ।

**9. ਮੇਰੇ ਕੋਲ ਸਿਰਫ ਪੀ.ਏ.ਸੀ.ਐਲ ਦੀ ਇੱਕ ਰਸੀਦ ਹੈ। ਮੈ ਆਪਣੇ ਅਸਲੀ ਸਰਟੀਫਿਕੇਟ / ਰਸੀਦਾਂ ਨੂੰ ਪੀ.ਏ.ਸੀ.ਐਲ ਕੋਲ ਜਮ੍ਹਾ ਕਰਾਂ ਚੁੱਕਿਆ ਹਾਂ ਤਾਂ ਕਿ ਮੈ ਰਿਫੰਡ ਲਈ ਅਰਜ਼ੀ ਦੇ ਸਕਦਾ ਹਾਂ ?**

ਰਿਫੰਡ ਦੀ ਮੌਜੂਦਾ ਪ੍ਰਕ੍ਰਿਆ ਵਿੱਚ , ਇੱਕ ਨਿਵੇਸ਼ਕ ਇੱਕ ਸਹਾਇਕ ਦਸਤਾਵੇਜ ਦੇ ਰੂਪ ਵਿੱਚ ਇੱਕ ਰਸੀਦ ਨੂੰ ਵਰਤ ਕੇ ਲਾਗੂ ਨਹੀਂ ਕਰ ਸਕਦਾ। ਹਾਲਾਂਕਿ , ਇਹ ਮਾਮਲਾ ਕਮੇਟੀ ਦੁਆਰਾ ਵਿਚਾਰਿਆ ਜਾਂ ਰਿਹਾ ਹੈ ਅਤੇ ਜਦੋ ਇਸ ਬਾਰੇ ਫੈਸਲਾ ਲਿਆ ਜਾਵੇਗਾ , ਤਾਂ ਉਸ ਨੂੰ ਸੂਚਿਤ ਕੀਤਾ ਜਾਵੇਗਾ।

**10. ਕਿ ਮੈ ਸਹਾਇਕ ਦਸਤਾਵੇਜਾਂ ਨਾਲ ਰਿਫੰਡ ਦਾਅਵੇ ਦੀ ਫ਼ਿਸਿਕਲ ਅਰਜ਼ੀ ਦਾਖ਼ਲ ਕਰ ਸਕਦਾ ਹਾਂ ?**

A: 02 ਜਨਵਰੀ 2018 ਦੇ ਪ੍ਰੈਸ ਰਿਲੀਜ਼ ਰਹੀ ਸੰਚਾਰ ਕਿਤੇ ਗਏ ਮੌਜੂਦਾ ਰਿਫੰਡ ਪ੍ਰਕ੍ਰਿਆ ਦੇ ਤਹਤ ਰਿਫੰਡ ਦੀ ਅਰਜ਼ੀ ਜਮਾਂ ਕਰਾਉਣ ਲਈ ਸਿਰਫ ਦੋ ਢੰਗ ਹਨ, ਜਿਵੇਂ ਐਸ ਐਮ ਐਸ (ਜੋ ਪ੍ਰਮਾਣਿਤ ਕਰਨ ਤੋਂ ਬਾਅਦ ਮੋਬਾਈਲ-ਪੋਰਟਲ ਨੂੰ ਮੁੜ ਨਿਰਦੇਸ਼ ਕਰਦਾ ਹੈ ) ਅਤੇ ਵੈੱਬ-ਪੋਰਟਲ, ਰਿਫੰਡ ਅੱਪਲੀਕੈਸ਼ਨ ਜਮਾਂ ਕਰਾਉਣ ਤੇ ਡੈਮੋ ਵੀਡੀਓ http ://sebicommitteepacl.com ਤੇ ਉਪਲਬਧ ਹੈ , ਜੋ ਐਸ ਐਮ ਐਸ ਅਤੇ ਵੈੱਬ-ਪੋਰਟਲ ਦੋਨਾਂ ਦੀ ਵਰਤੋਂ ਕਰਕੇ ਰਿਫੰਡ ਲਈ ਦਰਖ਼ਾਸਤ ਦੇਣ ਲਈ ਕਦਮ-ਕਦਮ ਤੇ ਸਹਾਇਤਾ ਮੁਹੈਆ ਕਰਦਾ ਹੈ। ਇਹ ਵੀਡੀਓ ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹਨ।

**11. ਮੇਰੀ ਮਾਂ ਨੇ ਪੀ.ਏ.ਸੀ.ਐਲ ਵਿੱਚ ਨਿਵੇਸ਼ ਕੀਤਾ ਹੈ, ਪਰ ਉਸ ਕੋਲ ਬੈਂਕ ਖਾਤਾ ਨਹੀਂ ਹੈ, ਕਿ ਉਹ ਟ੍ਰਾਂਜੈਕਸ਼ਨ ਲਈ ਮੇਰੇ ਬੈਂਕ ਖਾਤੇ ਦੀ ਵਰਤੋਂ ਕਰ ਸਕਦੀ ਹੈ ?**

A: ਬੈਂਕ ਖਾਤੇ ਦੇ ਵੇਰਵੇ ਦਾਵੇਦਾਰ ਬਣਾਉਣ ਵਾਲੇ ਨਿਵੇਸ਼ਕ ਦੇ ਹੀ ਹੋਣੇ ਚਾਹੀਦੇ ਹੈ। ਇਸ ਲਈ , ਜੇ ਤੁਹਾਡੀ ਮਾਂ ਨੇ ਪੀ.ਏ.ਸੀ.ਐਲ ਵਿੱਚ ਨਿਵੇਸ਼ ਕੀਤਾ ਹੈ ਅਤੇ ਰਿਫੰਡ ਲਈ ਇੱਕ ਅਰਜ਼ੀ ਦਾਇਰ ਕਰਨ ਦੀ ਕੋਸਿਸ ਕੀਤੀ ਹੈ ਤਾਂ ਅਜਿਹੇ ਮਾਮਲੇ ਵਿੱਚ ਉਸ ਨੂੰ ਆਪਣੇ ਬੈਂਕ ਖਾਤੇ ਦੇ ਵੇਰਵੇ ਦੇਣੇ ਪੈਣਗੇ। ਜੇਕਰ ਤੁਹਾਡੀ ਮਾਂ ਕੋਲ ਬੈਂਕ ਖਾਤਾ ਨਹੀਂ ਹੈ ਤਾਂ ਉਸ ਨੂੰ ਬੈਂਕ ਖਾਤਾ ਖੋਲ੍ਹਣਾ ਪਏਗਾ। ਇਸ ਤਰ੍ਹਾਂ ਖਾਤੇ ਦਾ ਵੇਰਵਾ ਰਿਫੰਡ ਲਈ ਅਰਜ਼ੀ ਦੇਣ ਲਈ ਵਰਤਿਆ ਜਾਂ ਸਕਦਾ ਹੈ।

**12. ਪੀ.ਏ.ਸੀ.ਐਲ ਨੇ ਮੈਨੂੰ ਇੱਕ ਸਰਟੀਫਿਕੇਟ ਜਾਰੀ ਕੀਤਾ ਹੈ ਅਤੇ ਉਸ ਤੋਂ ਬਾਅਦ ਹਰ ਇੱਕ ਕਿਸ਼ਤ ਦੀ ਰਕਮ ਪ੍ਰਾਪਤ ਕਰਨ ਤੋਂ ਬਾਅਦ ਰਸੀਦ ਦਿੱਤੀ ਗਈ ਹੈ। ਮੈ ਇਨ੍ਹਾਂ ਰਸੀਦਾਂ ਦੀਆ ਸਕੈਨ ਕਾਪੀਆਂ ਕਿਵੇਂ ਅੱਪਲੋਡ ਕਰਾਂ?**

A: ਜੇਕਰ ਰਜਿਸਟ੍ਰੇਸਨ ਨੰਬਰ ਲਈ, ਤੁਹਾਨੂੰ ਉਸ ਤੋਂ ਬਾਅਦ ਦਿਤੀਆਂ ਕਿਸਤਾਂ ਲਈ ਰਸੀਦਾਂ ਦੇ ਨਾਲ ਇੱਕ ਪੀ.ਏ.ਸੀ.ਐਲ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ, ਤੇ ਤੁਸੀਂ ਆਪਣੇ ਪੀ.ਏ.ਸੀ.ਐਲ ਸਰਟੀਫਿਕੇਟ ਅੱਪਲੋਡ ਕਰਨ ਤੋਂ ਬਾਅਦ ਰਸੀਦਾਂ ਨੂੰ ਅੱਪਲੋਡ ਕਰ ਸਕਦੇ ਹੋ। ਜ਼ਿਆਦਾ ਸਪਸ਼ਟਤਾ ਲਈ ਕਿਰਪਾ ਕਰਕੇ ਡੈਮੋ ਵੀਡੀਓ ਦੇਖੋ।

**13. ਮੈ ਆਪਣੇ ਨਿੱਜੀ ਵੇਰਵੇ ਨੂੰ ਵੈਬਸਾਈਟ sebicommitteepaclrefund.com ਤੇ ਭਰਿਆ ਹੈ ਪਰ ਮੈ ਆਪਣਾ ਆਧਾਰ ਅਤੇ ਬੈਂਕ ਦਸਤਾਵੇਜਾਂ ਨੂੰ ਅੱਪਲੋਡ ਨਹੀਂ ਕੀਤਾ ਹੈ, ਕਿਰਪਾ ਕਰਕੇ ਮੈਨੂੰ ਦੱਸੋ ਕਿ ਮੈ ਦਸਤਾਵੇਜ ਕਿਵੇਂ ਅੱਪਲੋਡ ਕਰ ਸਕਦਾ ਹਾਂ?**

A: ਇੱਕ ਵਾਰ ਤੁਸੀਂ ਵੈੱਬ ਪੋਰਟਲ ਤੇ ਆਪਣੇ ਨਿੱਜੀ ਵੇਰਵਿਆਂ ਨੂੰ ਭਰ ਲੈਂਦੇ ਹੋ, ਤੇ ਤੁਹਾਨੂੰ ਹੇਠਲੇ ਸੁਨੇਹੇ ਨਾਲ ਇੱਕ ਐਸ ਐਮ ਐਸ ਮਿਲੇਗਾ, "ਤੁਹਾਡੀ ਪੀ.ਏ.ਸੀ.ਐਲ ਰਿਫੰਡ ਦੀ ਬੇਨਤੀ ਦਰਜ਼ ਕਰ ਲੀ ਗਈ ਹੈ। ਆਪਣੇ ਰਿਫੰਡ ਅੱਪਲੀਕੈਸ਼ਨ ਨੂੰ ਪੂਰਾ ਕਰਨ ਲਈ,[xxxx] ਲਿੰਕ ਤੇ ਕਲਿਕ ਕਰਕੇ ਸਬਮਿਟ ਕਰੋ। " ਪੀ.ਏ.ਸੀ.ਐਲ ਸਰਟੀਫਿਕੇਟ / ਰਸੀਦਾਂ ਦੀ ਸਕੈਨ ਕੀਤੀ ਕਾਪੀ, ਤੁਹਾਡੇ ਆਧਾਰ ਕਾਰਡ/ ਪੈਨ ਕਾਰਡ ਦੀ ਸਕੈਨ ਕੀਤੀ ਕਾਪੀ, ਤੁਹਾਡੇ ਲੇਟੈਸਟ ਬੈਂਕ ਸਟੇਟਮੈਂਟ ਦੀ ਸਕੈਨ ਕਾਪੀ "ਜੇਕਰ ਤੁਹਾਡੇ ਕੋਲ ਅਧੂਰੀ ਅਰਜ਼ੀ ਹੈ, ਤਾਂ ਤੁਸੀਂ ਉਸ ਅੱਪਲੀਕੈਸ਼ਨ ਵਿੱਚ ਉੱਤੇ ਲਿੱਖੇ ਲਿੰਕ ਤੇ ਕਲਿਕ ਕਰ ਸਕਦੇ ਹੋ, ਤੇ ਦਿੱਤੇ ਗਏ ਲਿੰਕ ਨੂੰ ਕਾਪੀ ਕਰਕੇ URL ਤੇ ਪੇਸਟ ਕਰ ਸਕਦੇ ਹੋ।